ਦਫਤਰ ਡਿਪਟੀ ਕਮਿਸ਼ਨਰ ਪਟਿਆਲਾ ਕਮ ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ ਪਟਿਆਲਾ।

## ਟੈਂਡਰ ਨੋਟਿਸ

ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਵਿਖੇ ਮੰਦਿਰ ਦੀ ਸਫਾਈ ਅਤੇ ਕਾਰ ਪਾਰਕਿੰਗ ਦੀ ਸਫਾਈ ਦਾ ਇੱਕ ਸਾਲ ਲਈ ਠੇਕਾ ਦਿੱਤਾ ਜਾਣਾ ਹੈ।ਚਾਹਵਾਨ ਵਿਅਕਤੀ ਆਪਣਾ ਟੈਂਡਰ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੀ ਵੈਬਸਾਇਟ mandirkalidevijipatiala.org ਤੇ ਅਪਲੋਡ ਕੀਤੇ ਗਏ ਪ੍ਰੋਫਾਰਮੇ ਵਿਚ ਭਰ ਕੇ ਮਿਤੀ 20-07-2022 ਨੂੰ ਸਵੇਰੇ 10:00 ਵਜੇ ਤੱਕ ਧਰਮ ਅਰਥ ਸ਼ਾਖਾ ਕਮਰਾ ਨੰ:303, ਬਲਾਕ-ਏ, ਮਿੰਨੀ ਸਕੱਤਰੇਤ ਵਿਖੇ ਦੇ ਸਕਦੇ ਹਨ।ਟੈਂਡਰ ਮਿਤੀ 20-07-2022 ਨੂੰ ਸਵੇਰੇ 11:00 ਵਜੇ ਉਪ ਮੰਡਲ ਮੈਜਿਸਟਰੇਟ, ਪਟਿਆਲਾ ਜੀ ਦੇ ਦਫਤਰ ਵਿਚ ਖੋਲੇ ਜਾਣਗੇ।ਟੈਂਡਰ ਸਬੰਧੀ ਸ਼ਰਤਾਂ ਮੰਦਿਰ ਦੀ ਵੈਬਸਾਇਟ ਤੇ ਉਪਲਬੱਧ ਹਨ।

ਵਾ:ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।

Scanned with CamScanner

ਸਾਲ 2022-23 ਲਈ ਮੰਦਿਰ ਦੀ ਸਾਫ-ਸਫਾਈ ਮਕੈਨਾਇਜਕਲੀਨਿੰਗਰ ਰਾਹੀ ਕਰਨ ਲਈ ਅਤੇ ਠੇਕੇ ਸਬੰਧੀ ਸ਼ਰਤਾਂ:-

1 ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਦੇ ਪੂਰੇ ਏਰੀਆਂ ਦੀ ਸਫਾਈ ਕਰਨੀ ਹੋਵੇਗੀ।

2 ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਦੀ ਕਾਰ ਪਾਰਕਿੰਗ ਦੇ ਪੂਰੇ ਏਰੀਆ ਦੀ ਸਫਾਈ ਕਰਨੀ ਹੋਵੇਗੀ।

3 ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਅਤੇ ਕਾਰ ਪਾਰਕਿੰਗ ਵਿਚ ਸਾਫ ਸਫਾਈ ਕਰਨ ਸਬੰਧੀ ਵਰਤਿਆ ਜਾਣ ਵਾਲਾ ਮਟੀਰੀਅਲ ਸਬੰਧਤ ਫਰਮ ਵੱਲੋ ਹੀ ਲਗਾਇਆ ਜਾਵੇਗਾ।

4 ਟੈਂਡਰ ਪ੍ਰਾਪਤ ਕਰਨ ਵਾਲੀ ਫਰਮ ਨੂੰ ਮੁਬ: 50,000/- ਰੁਪੈ ਬਤੌਰ ਸਕਿਉਰਟੀ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਉਣੇ ਹੋਣਗੇ।

5 ਮੰਦਿਰ ਦੀ ਸਫਾਈ ਦਾ ਕੰਮ ਟੈਂਡਰ ਪ੍ਰਾਪਤ ਕਰਨ ਵਾਲੀ ਫਰਮ ਆਪਣੇ ਕਰਮਚਾਰੀਆਂ ਤੋ ਮੰਦਿਰ ਖੁੱਲਣ ਤੋ ਬੰਦ ਹੋਣ ਤੱਕ ਸ਼ਿਫਟ ਵਾਇਜ ਸਫਾਈ ਕਰਨ ਦੇ ਪਾਬੰਦ ਹੋਵੇਗੀ।

6 ਮੰਦਿਰ ਅਤੇ ਕਾਰ ਪਾਰਕਿੰਗ ਦੀ ਸਫਾਈ ਵਿਚ ਕਿਸੇ ਕਿਸਮ ਦੀ ਕੋਈ ਕਮੀ ਪਾਈ ਗਈ ਤਾਂ ਫਰਮ ਨੂੰ ਦਿੱਤਾ ਗਿਆ ਠੇਕਾ ਬਿਨਾ ਕਿਸੇ ਨੋਟਿਸ ਤੋ ਰੱਦ ਕਰ ਦਿੱਤਾ ਜਾਵੇਗਾ ਅਤੇ ਸਕਿਉਰਟੀ ਵਜੋਂ ਜਮ੍ਹਾਂ ਕਰਵਾਈ ਰਕਮ ਜਬਤ ਕਰ ਲਈ ਜਾਵੇਗੀ,

7 ਲੋੜ ਅਨੁਸਾਰ ਸਫਾਈ ਸੇਵਕਾਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ।

8 ਠੇਕੇ ਸਬੰਧੀ ਫਰਮ/ਏਜੰਸੀ/ਆਰਗੇਨਾਈਜੇਸ਼ਨ ਵੱਲੋ ਆਪਣੀ ਚੱਲ/ਅਚੱਲ ਜਾਇਦਾਦ ਸਬੰਧੀ ਪੁਖਤਾ ਸਬੂਤ, ਰਿਹਾਇਸ਼ ਦਾ ਸਬੂਤ(ਰਾਸ਼ਨਕਾਰਡ/ਵੋਟਰ ਕਾਡਰ/ਆਧਾਰ ਕਾਰਡ) ਅਤੇ ਪਿਛਲੇ ਤਿੰਨ ਸਾਲ ਦੀ **Income Tax return(ITR),** ਪਰੰਤੂ ਜੇਕਰ ਟੈਂਡਰਕਾਰ **Income Tax Payee** ਨਹੀਂ ਹੈ ਤਾਂ ਇਸ ਸਬੰਧੀ ਸਵੈ-ਘੋਸ਼ਣਾ ਦਿੱਤਾ ਜਾਵੇਗਾ।

9 ਠੇਕੇਦਾਰ ਵੱਲੋ ਆਪਣੀ ਅਤੇ ਆਪਣੇ ਰੱਖੇ ਜਾ ਰਹੇ ਵਰਕਰਾਂ ਦੀ ਪੁਲਿਸ ਵਿਭਾਗ ਤੇ ਚਾਲ-ਚੱਲਣ ਸਬੰਧੀ ਇੱਕ ਮਹੀਨੇ ਦੇ ਅੰਦਰ-ਅੰਦਰ ਵੈਰੀਫਿਕੇਸ਼ਨ ਕਰਵਾ ਕੇ ਸਰਟੀਫਿਕੇਟ ਪੇਸ਼ ਕਰੇਗਾ।

10 ਠੇਕੇਦਾਰ ਵੱਲੋ ਹਰੇਕ ਮਹੀਨੇ ਦੀ ਪਹਿਲੀ ਤਾਰੀਖ ਨੂੰ ਬਿਲ ਦਿੱਤਾ ਜਾਵੇਗਾ ਅਤੇ ਬਿਲ ਦੀ ਅਦਾਇਗੀ ਉਸਦੇ ਬੈਂਕ ਖਾਤੇ ਵਿਚ ਆਰ.ਟੀ.ਜੀ.ਐਸੀ/ਨੈਫਟ ਰਾਹੀ ਉਸਦੀ ਸਾਫ-ਸਫਾਈ ਨੂੰ ਧਿਆਨ ਵਿਚ ਰੱਖਦੇ ਹੋਏ ਕਰ ਦਿੱਤੀ ਜਾਵੇਗੀ।

11 ਠੇਕੇਦਾਰ ਵੱਲੋ ਸਫਾਈ ਸੇਵਕਾਂ/ਸਫਾਈ ਕਰਮਚਾਰੀਆਂ ਦੀ ਤਨਖਾਹ ਨਕਦੀ ਦੀ ਬਜਾਏ ਸਬੰਧਤ ਬੈਂਕ ਖਾਤੇ ਵਿਚ ਟਰਾਂਸਫਰ ਕੀਤੀ ਜਾਣੀ ਲਾਜਮੀ ਹੋਵੇਗੀ।

12 ਇਹ ਇੱਕ ਪ੍ਰਾਈਵੇਟ ਕੰਮ ਹੈ,ਇਸ ਸਬੰਧੀ ਸਰਕਾਰੀ ਨੌਕਰੀ ਵਿਚ ਕੋਈ ਹੱਕਦਾਰ ਨਾ ਸਮਝਿਆ ਜਾਵੇ।

13 ਠੇਕੇਦਾਰ ਦੇ ਵਰਕਰਾਂ ਵੱਲੋ ਰੋਜਾਨਾ ਮੰਦਿਰ ਵਿਚ ਦੋ ਵਾਰ ਝਾੜੂ ਪੋਚਾ ਕੀਤਾ ਜਾਵੇਗਾ ਅਤੇ ਟੁਆਇਲਟਾਂ ਦੀ ਦੋ ਵਾਰ ਸਫਾਈ ਕੀਤੀ ਜਾਵੇਗੀ।ਹਰੇਕ ਐਤਵਾਰ ਨੂੰ ਸਮੂਹ ਕਮਰਿਆਂ ਅਤੇ ਵਰਾਂਡਿਆਂ ਵਿਚਲੇ ਪੱਖਿਆਂ ਦੀ ਸਫਾਈ ਅਤੇ ਜਾਲੇ ਸਾਫ ਕੀਤੇ ਜਾਣਗੇ ਅਤੇ ਸਮੇਂ-ਸਮੇਂ ਸਿਰ ਦਫਤਰ ਵੱਲੋ ਜਾਰੀ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ।

14 ਸਾਫ-ਸਫਾਈ ਦੇ ਕੰਮ ਵਿਚ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਦੇ ਪੂਰੇ ਏਰੀਆਂ ਦੀ ਸਫਾਈ ਅਤੇ ਮੰਦਿਰ ਦੀ ਕਾਰ ਪਾਰਕਿੰਗ ਦੇ ਪੂਰੇ ਏਰੀਆ ਦੀ ਸਫਾਈ ਸਮੇਤ ਟੁਆਇਲਟਜ਼, ਪੌੜੀਆਂ, ਗਰਿੱਲਾਂ, ਖਿੜਕੀਆਂ ਦੀਆਂ ਗਰਿੱਲਾਂ, ਸ਼ੀਸ਼ੇ ਦਰਵਾਜੇ ਆਦਿ ਸ਼ਾਮਲ ਹੈ।

15 ਮੰਦਿਰ ਵਿਖੇ ਸ਼ਨੀਵਾਰ ਨੂੰ ਸ਼ਰਧਾਲੂਆਂ ਦੀ ਗਿਣਤੀ ਜਿਆਦਾ ਹੁੰਦੀ ਹੈ।ਇਸ ਲਈ ਮੰਦਿਰ ਦੀ ਸਾਫ ਸਫਾਈ ਦਾ ਪੂਰਾ ਧਿਆਨ ਰੱਖਿਆ ਜਾਵੇ।

Scanned with CamScanner

16 ਠੇਕੇਦਾਰ ਵੱਲੋ ਬਾਥਰੂਮਾਂ ਵਿਚ ਫਰਨੈਲ ਦੀਆਂ ਗੋਲੀਆਂ ਅਤੇ ਹੈਂਡ ਕਲੀਰਨਰ ਜਾਂ ਸਾਬਣ ਰੱਖਿਆ ਜਾਵੇਗਾ ਸਵੇਰੇਸ਼ਾ ਮੱਛਰਾਂ ਦੀ ਦਵਾਈ ਦੀ ਸਪਰੇ ਕੀਤੀ ਜਾਵੇਗੀ ਅਤੇ ਕੰਪਲੈਕਸ ਦੀ ਕਿਸੇ ਵੀ ਕੋਨੇ ਵਿਚ ਪਾਣੀ ਜਾਂ ਫਾਲਤੂ ਚੀਜਾਂ ਜਮ੍ਹਾਂ ਨਹੀ ਹੋਣ ਦਿੱਤੀਆਂ ਜਾਣਗੀਆਂ ਜਿਸ ਕਾਰਨ ਮੱਛਰ ਪੈਦਾ ਹੋਣ।

17 ਮੰਦਿਰ ਦੇ ਹਾਲ ਦੀ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇਗਾ।

18 ਬਿਨਾਂ ਕਾਰਨ ਦੱਸੇ ਠੇਕਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।ਠੇਕਾ ਰੱਦ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਜੀ ਪਾਸ ਰਾਖਵਾ ਹੋਵੇਗਾ।

ਉਪਰੋਕਤ ਕੰਮ ਲਈ ਹੋਰ ਸ਼ਰਤਾਂ ਟੈਂਡਰ ਖੋਲਣ ਸਮੇਂ ਸੁਣਾਈਆ ਜਾਣਗੀਆ। ਉਕਤ ਕੰਮ ਲਈ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਲੈਣ ਲਈ ਪ੍ਰਬੰਧਕੀ ਅਫਸਰ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਨਾਲ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9 ਵਜੇ ਤੋ ਸ਼ਾਮ 5 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

ਵਾ:ਡਿਪਟੀ ਕਮਿਸ਼ਨਰ ਪਟਿਆਲਾ ਕਮ ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।

Scanned with CamScanner

ਪ੍ਰੋਫਾਰਮਾ:

| | |
|---|---|
| ਫਰਮ ਦਾ ਨਾਮ | |
| ਸਫਾਈ ਸੇਵਕ ਦੇ Wages,EPF, ESI, GST ਸਮੇਤ ਅਤੇ ਸਫਾਈ ਲਈ ਵਰਤਿਆ ਜਾਣ ਵਾਲਾ ਮੀਟੀਰੀਅਲ ਸਮੇਤ ਉਕਾ ਪੁੱਕਾ ਰੇਟ | |
| ਫਰਮ ਵੱਲੋ ਲਗਾਏ ਜਾਣ ਵਾਲੇ ਸਫਾਈ ਸੇਵਕਾਂ ਦੀ ਗਿਣਤੀ | |

Signature of Proprietor of Firm

Address

Contact No.

Scanned with CamScanner